**ਜਮਾਤ -ਅੱਠਵੀਂ** **ਪਾਠ-2 ਪੇਮੀ ਦੇ ਨਿਆਣੇ**

**ਸਾਹਿਤ ਰੂਪ-ਕਹਾਣੀ** **ਲੇਖਕ- ਪ੍ਰਿੰਸੀਪਲ ਸੰਤ ਸਿੰਘ ਸੇਖੋਂ**





**ਪ੍ਰਸ਼ਨ(ੳ) ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਕਿੱਥੇ ਜਾਣਾ ਪੈਂਦਾ ਸੀ ਅਤੇ ਕਿਉਂ?**


ਉੱਤਰ-ਲੇਖਕ ਅਤੇ ਉਸ ਦੀ ਭੈਣ ਨੂੰ ਬਚਪਨ ਵਿੱਚ ਹਰ ਰੋਜ਼ ਖੇਤ ਵਿੱਚ ਕੰਮ ਕਰ ਰਹੇ ਆਪਣੇ ਬਾਪੂ ਅਤੇ ਕਾਮੇ ਦੀ ਰੋਟੀ ਫੜਾਉਣ ਲਈ ਖੇਤ ਜਾਣਾ ਪੈਂਦਾ ਸੀ।

**ਪ੍ਰਸ਼ਨ (ਅ) ਬੱਚਿਆਂ ਨੂੰ ਕਿਹੜੀ ਗੱਲ ਭੈ-ਸਾਗਰ ਲੱਗਦੀ ਸੀ ਅਤੇ ਕਿਉਂ?**

ਉੱਤਰ- ਬੱਚਿਆਂ ਨੂੰ ਜਰਨੈਲੀ ਸੜਕ ਪਾਰ ਕਰਨੀ ਭੈ-ਸਾਗਰ ਲੱਗਦੀ ਸੀ ਕਿਉਂਕਿ ਉੱਥੋਂ ਜਾਂਗ਼ਲੀਆਂ,ਪਠਾਣਾਂ,ਰਾਸ਼ਿਆਂ ਅਤੇ ਹੋਰ ਪਰਦੇਸ਼ੀਆਂ ਦਾ ਕਾਫ਼ੀ ਲਾਂਘਾ ਸੀ।

**ਪ੍ਰਸ਼ਨ (ੲ) ਲੇਖਕ ਕਿਹੜੀਆਂ ਗੱਲਾਂ ਨੂੰ ਨਰਕ ਅਤੇ ਕਿਹੜੀਆਂ ਨੂੰ ਸੁਰਗ ਆਖਦਾ ਹੈ?**

ਉੱਤਰ-ਲੇਖਕ ਖੇਤ ਅਤੇ ਖੇਡਣ ਨੂੰ ਸੁਰਗ ਆਖਦਾ ਹੈ।ਮਦਰੱਸੇ ਪੜ੍ਹਨ ਜਾਣਾ ਅਤੇ ਜਰਨੈਲੀ ਸੜਕ ਪਾਰ ਕਰਨਾ ਉਸ ਨੂੰ ਨਰਕ ਵਾਂਗ ਲੱਗਦੇ ਸਨ।



**ਪ੍ਰਸ਼ਨ(ਸ) ਲੇਖਕ ਅਤੇ ਉਸ ਦੀ ਭੈਣ ਨੇ ਸੜਕ ਪਾਰ ਕਰਨ ਦੇ ਡਰ ਨੂੰ ਦਬਾਉਣ ਲਈ ਕਿਹੜਾ ਤਰੀਕਾ ਸੋਚਿਆ?**

ਉੱਤਰ- ਲੇਖਕ ਅਤੇ ਉਸ ਦੀ ਭੈਣ ਨੇ ਡਰ ਨੂੰ ਦਬਾਉਣ ਲਈ ਪਹਿਲਾਂ ਕਹਾਣੀ ਸੁਣਾਉਣ ਅਤੇ ਫਿਰ 'ਵਾਹਿਗੁਰੂ' ਦਾ ਨਾਂ ਲੈ ਕੇ ਸੜਕ ਪਾਰ ਕਰਨ ਦਾ ਤਰੀਕਾ ਸੋਚਿਆ।

**ਪ੍ਰਸ਼ਨ(ਹ) ਭੈਣ-ਭਰਾ ਸੜਕ ਪਾਰ ਕਰਨ ਵਿੱਚ ਸਫ਼ਲ ਕਿਵੇਂ ਹੋਏ ?**

ਉੱਤਰ-ਜਦੋਂ ਭੈਣ ਭਰਾ ਦੇ ਡਰ ਨੂੰ ਦਬਾਉਣ ਦੇ ਸਾਰੇ ਤਰੀਕੇ ਫ਼ੇਲ੍ਹ ਹੋ ਗਏ ਤਾਂ ਭੈਣ ਨੇ ਕਿਹਾ ਕਿ ਆਪਾਂ ਰਾਸ਼ੇ ਨੂੰ ਕਹਾਂਗੇ ਕਿ ਸਾਨੂੰ ਨਾ ਫੜ੍ਹ ਅਸੀਂ ਪੇਮੀ ਦੇ ਨਿਆਣੇ ਹਾਂ।ਇਸ ਤਰ੍ਹਾਂ ਉਹ ਪੇਮੀ ਦਾ ਨਾਂ ਲੈ ਕੇ ਸੜਕ ਪਾਰ ਕਰਨ ਵਿੱਚ ਸਫਲ ਹੋ ਗਏ।

**ਪ੍ਰਸਨ 2. ਵਿਦਿਆਰਥੀ ਸ਼ਬਦ ਪੜ੍ਹ ਕੇ ਉਨਾਂ ਦੇ ਅਰਥ ਪੁਸਤਕ ਵਿੱਚੋਂ ਆਪ ਸਮਝਣਗੇ।**

**ਪ੍ਰਸਨ 3. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ:**

1. **ਮੁਸ਼ਕਲ-ਘਾਟੀ** – ਜਰਨੈਲੀ ਸੜਕ ਪਾਰ ਕਰਨਾ ਲੇਖਕ ਨੂੰ <u>ਮੁਸ਼ਕਲ-ਘਾਟੀ</u> ਲੰਘਣ ਵਾਂਗ ਲੱਗਦਾ ਸੀ।
2. **ਸ਼ਰਨ** – ਔਖੇ ਵੇਲੇ ਅਸੀਂ ਪਰਮਾਤਮਾਂ ਦੀ <u>ਸ਼ਰਨ</u> ਲੈਂਦੇ ਹਾਂ।
3. **ਮੰਤਵ**- ਕਵਿਤਾ ਦਾ <u>ਮੰਤਵ</u> ਮਨੋਰੰਜਨ ਕਰਨਾ ਹੁੰਦਾ ਹੈ।
4. **ਰੁਝੇਵੇਂ**- ਅੱਜ-ਕੱਲ੍ਹ ਲੋਕਾਂ ਦੇ <u>ਰੁਝੇਵੇਂ</u> ਬਹੁਤ ਵਧ ਗਏ ਹਨ।
5. **ਗੁਸਤਾਖ਼ੀ**-ਸਾਨੂੰ ਵੱਡਿਆਂ ਸਾਹਮਣੇ ਬੋਲਣ ਦੀ <u>ਗੁਸਤਾਖ਼ੀ</u> ਨਹੀਂ ਕਰਨੀ ਚਾਹੀਦੀ।
6. **ਦਿਲਾਸਾ**- ਮੈਂ ਪਰੀਖਿਆ ਵਿੱਚ ਫ਼ੇਲ੍ਹ ਹੋਏ ਆਪਣੇ ਮਿੱਤਰ ਨੂੰ <u>ਦਿਲਾਸਾ</u> ਦਿੱਤਾ।
7. **ਠਠੰਬਰ ਕੇ** – ਸੱਪ ਨੂੰ ਸਾਹਮਣੇ ਵੇਖ ਕੇ ਹਰਮਨ <u>ਠਠੰਬਰ ਕੇ</u> ਖਲੋ ਗਿਆ।
8. **ਘਾਤ ਲਾਈ ਖਲੋਤਾ**-ਹਿਰਨ ਦਾ ਸ਼ਿਕਾਰ ਕਰਨ ਲਈ ਸ਼ੇਰ <u>ਘਾਤ ਲਾਈ ਖਲੋਤਾ</u> ਸੀ।